ਇਕਾਈ 1

# ਸਾਡਾ ਭਾਈਚਾਰਾ

## ਇਕਾਈ ਬਾਰੇ ਜਾਣਕਾਰੀ

ਅਸੀਂ ਸਾਰੇ ਇੱਕ ਦੂਜੇ 'ਤੇ ਕਿਸੇ ਨਾ ਕਿਸੇ ਤਰੀਕੇ ਨਾਲ਼ ਨਿਰਭਰ ਹਾਂ। ਅਸੀਂ ਆਪਣੇ-ਆਪਣੇ ਭਾਈਚਾਰੇ ਵਿੱਚ ਰਹਿੰਦੇ ਹਾਂ, ਸੋਮੇ ਅਤੇ ਥਾਂ ਸਾਂਝੀ ਕਰਦੇ ਹਾਂ। ਹਰ ਰੋਜ਼ ਗੱਲਬਾਤ ਅਤੇ ਜਸ਼ਨ ਸਾਡੇ ਰਿਸ਼ਤਿਆਂ ਨੂੰ ਮਜਬੂਤ ਕਰਦੇ ਹਨ ਤੇ ਅਪਣੱਤ ਦੀ ਭਾਵਨਾ ਪੈਦਾ ਕਰਦੇ ਹਨ। ਭਾਈਚਾਰੇ ਆਪਣੇ ਸਮਾਜਿਕ ਅਤੇ ਕੁਦਰਤੀ ਮਾਹੌਲ ਵਿੱਚ ਸਹਿਯੋਗ, ਸੰਚਾਰ ਅਤੇ ਆਪਸੀ ਸਤਿਕਾਰ ਕਰਕੇ ਵਧਦੇ-ਫੁੱਲਦੇ ਹਨ।

ਵਿਦਿਆਰਥੀ ਸਕੂਲਾਂ, ਹਸਪਤਾਲਾਂ, ਬੈਂਕਾਂ ਅਤੇ ਬਜ਼ਾਰਾਂ ਸਮੇਤ ਆਪਣੇ ਆਲ਼ੇ-ਦੁਆਲ਼ੇ ਦੀਆਂ ਭਾਈਚਾਰਕ ਸੰਸਥਾਵਾਂ ਬਾਰੇ ਜਾਣਦੇ ਹਨ। ਉਹ ਲੋਕਾਂ ਦੀ ਭੂਮਿਕਾ, ਵਰਤੇ ਜਾਂਦੇ ਸਾਧਨ ਅਤੇ ਇੱਕ ਵਧੇਰੇ ਸਮਾਵੇਸ਼ੀ ਤੇ ਟਿਕਾਊ ਸਮਾਜ ਦੇ ਵਿਕਾਸ ਵਿੱਚ ਉਹਨਾਂ ਦੇ ਯੋਗਦਾਨ ਨੂੰ ਸਮਝਦੇ ਹਨ।

ਉਹ ਜਾਣੂ ਹੋ ਜਾਂਦੇ ਹਨ ਕਿ ਆਵਾਜਾਈ ਲੋਕਾਂ ਅਤੇ ਵੱਖ-ਵੱਖ ਵਸਤਾਂ ਨੂੰ ਲਿਆਉਣ ਤੇ ਲਿਜਾਣ ਵਿੱਚ ਕਿਵੇਂ ਮਦਦ ਕਰਦੀ ਹੈ। ਇਸੇ ਤਰ੍ਹਾਂ, ਉਹ ਇਹ ਵੀ ਸਿੱਖਦੇ ਹਨ ਕਿ ਕਿਵੇਂ ਸੰਚਾਰ ਵਿੱਚ ਲਗਾਤਾਰ ਸੁਧਾਰ ਹੋਇਆ ਹੈ। ਸਮੇਂ ਦੇ ਨਾਲ਼, ਆਵਾਜਾਈ ਅਤੇ ਸੰਚਾਰ ਦੋਵਾਂ ਨੇ ਸੰਪਰਕ ਵਿਵਸਥਾ ਵਿੱਚ ਸੁਧਾਰ ਕੀਤਾ ਹੈ।

ਉਹ ਦਿਸ਼ਾ ਦੀ ਸਮਝ ਅਤੇ ਵੱਖ-ਵੱਖ ਸਥਾਨਾਂ ਨੂੰ ਚਿੰਨ੍ਹਾਂ ਰਾਹੀਂ ਪਛਾਣਨ, ਚਿਤਰਨ, ਰੇਖਾ-ਚਿੱਤਰ ਬਣਾਉਣ ਅਤੇ ਨਕਸ਼ਿਆਂ ਨੂੰ ਪੜ੍ਹਨ ਦੀ ਯੋਗਤਾ ਵਿਕਸਤ ਕਰ ਲੈਂਦੇ ਹਨ।

© NCERT not to be republished



## ਅਧਿਆਪਕ ਲਈ ਨੋਟ

ਇਸ ਇਕਾਈ ਵਿੱਚ ਅਧਿਆਇ 1 – ਸਾਂਝਾ ਜੀਵਨ ਅਤੇ ਅਧਿਆਇ 2 – ਆਪਣੇ ਆਲ਼ੇ-ਦੁਆਲ਼ੇ ਨਾਲ਼ ਜਾਣ-ਪਛਾਣ ਸ਼ਾਮਲ ਹਨ। ਇਹਨਾਂ ਅਧਿਆਇਆਂ ਵਿੱਚ ਸ਼ਾਮਲ ਮੁੱਖ ਨੁਕਤੇ ਹੇਠ ਲਿਖੇ ਹਨ।

### ਅਧਿਆਇ 1

- 'ਸਾਂਝਾ ਜੀਵਨ' ਵਿਦਿਆਰਥੀਆਂ ਲਈ ਭਾਈਚਾਰਕ ਸਮਾਜ ਨੂੰ ਇਕਜੁੱਟਤਾ ਅਤੇ ਇੱਕ ਦੂਜੇ 'ਤੇ ਨਿਰਭਰ ਹੋਣ ਬਾਰੇ ਸਮਝਣ ਵਿੱਚ ਮਦਦ ਕਰਦਾ ਹੈ। ਵਣ-ਮਹਾਂਉਤਸਵ ਦੀ ਕਹਾਣੀ ਬੱਚਿਆਂ ਨੂੰ ਆਪਸੀ ਸਹਿਯੋਗ ਅਤੇ ਦੇਖ-ਭਾਲ਼ ਰਾਹੀਂ ਆਪਣੇ ਕੁਦਰਤੀ ਵਾਤਾਵਰਨ ਅਤੇ ਸਰਵਜਨਕ ਸੰਪਤੀ ਦੀ ਕਦਰ ਕਰਨ ਵਿੱਚ ਮਦਦ ਕਰਦੀ ਹੈ।
- ਉਹ ਦੇਸ ਦੇ ਵੱਖ-ਵੱਖ ਭਾਈਚਾਰਿਆਂ ਦੁਆਰਾ ਮਨਾਏ ਜਾਂਦੇ ਸਾਰੇ ਤਿਉਹਾਰਾਂ ਵਿੱਚ ਸਾਂਝੇਦਾਰੀ ਅਤੇ ਸਹਿਯੋਗ ਕਰਨ ਵਾਲ਼ੇ ਸੱਭਿਆਚਾਰ ਬਾਰੇ ਵੀ ਜਾਣਕਾਰੀ ਹਾਸਲ ਕਰਦੇ ਹਨ। ਵਿਦਿਆਰਥੀ ਅਗਵਾਈ ਅਤੇ ਸਹਿਯੋਗ ਕਰਨਾ ਸਿੱਖਣਗੇ, ਜਿਸ ਨਾਲ਼ ਉਹ ਆਪਣੀ ਜ਼ਿੰਦਗੀ ਅਤੇ ਭਾਈਚਾਰੇ ਵਿੱਚ ਬਦਲਾਅ ਲਿਆ ਸਕਣਗੇ।

### ਅਧਿਆਇ 2

- ਵਿਦਿਆਰਥੀ ਆਪਣੇ ਆਲ਼ੇ-ਦੁਆਲ਼ੇ ਵੱਖ-ਵੱਖ ਕਿਸਮਾਂ ਦੇ ਆਵਾਜਾਈ ਦੇ ਸਾਧਨਾਂ ਨੂੰ ਦੇਖਦੇ ਹਨ। ਉਹ ਵੱਖ-ਵੱਖ ਤਰ੍ਹਾਂ ਦੇ ਸੰਚਾਰ ਦੇ ਤਰੀਕਿਆਂ ਬਾਰੇ ਵੀ ਸਿੱਖਦੇ ਹਨ। ਉਹ ਸਮਝਦੇ ਹਨ ਕਿ ਕਈ ਸਾਲਾਂ ਦੌਰਾਨ ਯਾਤਰਾ ਅਤੇ ਸੰਚਾਰ ਕਿਵੇਂ ਵਿਕਸਤ ਹੋਏ ਹਨ। ਤੇਜ਼ ਗਤੀ ਯਾਤਰਾਵਾਂ ਅਤੇ ਸੰਚਾਰ ਨੇ ਸਾਡੇ ਜੀਵਨ ਅਤੇ ਸੰਸਾਰਿਕ ਗਤਿਵਿਧੀਆਂ ਵਿੱਚ ਮਹੱਤਵਪੂਰਨ ਬਦਲਾਅ ਕੀਤੇ ਹਨ।
- ਵਿਦਿਆਰਥੀ ਵੱਖ-ਵੱਖ ਸਮੁਦਾਇਕ ਸੰਸਥਾਵਾਂ ਦੀ ਭੂਮਿਕਾ ਨੂੰ ਜਾਣਨਗੇ। ਉਹ ਬੈਂਕਾਂ ਵਿੱਚ ਲੋਕਾਂ ਨਾਲ਼ ਗੱਲਬਾਤ ਕਰਕੇ ਵਿੱਤੀ ਗਿਆਨ ਦੀਆਂ ਮੂਲ ਗੱਲਾਂ ਵੀ ਸਿੱਖਣਗੇ। ਉਹ ਲੜੀਵਾਰ ਗਤੀਵਿਧੀਆਂ ਦੇ ਜ਼ਰੀਏ ਸਧਾਰਨ ਨਕਸ਼ੇ ਖਿੱਚਣਾ ਅਤੇ ਪੜ੍ਹਨਾ ਸਿੱਖਣਗੇ। ਉਹ ਆਪਣੇ ਆਸੇ-ਪਾਸੇ ਜਾਣ ਲਈ ਸਥਾਨਕ ਚਿੰਨ੍ਹਾਂ (ਲੈਂਡਮਾਰਕ) ਅਤੇ ਦਿਸ਼ਾਵਾਂ ਨੂੰ ਪਛਾਣਨਾ ਵੀ ਸਿੱਖਣਗੇ।



### ਅਧਿਆਪਕ ਦੀ ਭੂਮਿਕਾ

- ਅਧਿਆਪਕ ਗਤੀਵਿਧੀਆਂ ਕਰਾਉਣ ਲਈ ਲੋੜੀਂਦੀਆਂ ਤੇ ਘੱਟ ਮੁੱਲ ਵਾਲ਼ੀਆਂ ਚੀਜ਼ਾਂ ਜਿਵੇਂ ਨਕਸ਼ੇ, ਚਾਰਟ, ਫੋਟੋਆਂ, ਅਵਲੋਕਣ ਸ਼ੀਟ ਅਤੇ ਹੋਰ ਵਸਤਾਂ ਦਾ ਪ੍ਰਬੰਧ ਕਰੇਗਾ।
- ਡਾਕਖਾਨਿਆਂ, ਬੈਂਕਾਂ ਅਤੇ ਪਾਰਕਾਂ ਵਰਗੀਆਂ ਇਲਾਕਾਈ ਥਾਂਵਾਂ ਦੇ ਛੋਟੇ ਦੌਰੇ ਕਰਵਾਉਣਾ।
- ਸਥਾਨਕ ਹੁਨਰਮੰਦ ਕਰਮਚਾਰੀਆਂ ਜਿਵੇਂ ਕਿ ਮਾਲੀ, ਡਾਕ ਕਰਮਚਾਰੀ ਜਾਂ ਬੈਂਕਾਂ ਦੇ ਕਰਮਚਾਰੀਆਂ ਨੂੰ ਗੱਲਬਾਤ ਲਈ ਸੱਦਾ ਦੇਣਾ।
- ਬੱਚਿਆਂ ਨੂੰ ਰਸਤਿਆਂ ਦਾ ਨਕਸ਼ਾ ਬਣਾਉਣ, ਪੋਸਟਰ ਬਣਾਉਣ, ਇੰਟਰਵਿਊ ਕਰਨ ਅਤੇ ਸਵੱਛਤਾ ਮੁਹਿੰਮ ਤੇ ਦਰਖ਼ਤ ਲਗਾਉਣ ਵਰਗੇ ਕੰਮਾਂ ਵਿੱਚ ਹਿੱਸਾ ਲੈਣ ਲਈ ਮਾਰਗ-ਦਰਸ਼ਨ ਕਰਨਾ। ਬੱਚਿਆਂ ਨੂੰ ਮਦਦ ਕਰੋ ਕਿ ਉਹ ਬੀਤੇ ਸਮੇਂ ਅਤੇ ਅਜੋਕੇ ਸਮੇਂ ਵਿੱਚ ਸੰਚਾਰ ਦੇ ਤਰੀਕਿਆਂ ਦੀ ਤੁਲਨਾ ਕਰ ਸਕਣ ਅਤੇ ਇਹ ਵੀ ਪਤਾ ਕਰ ਸਕਣ ਕਿ ਕਿਵੇਂ ਇਹਨਾਂ ਤਬਦੀਲੀਆਂ ਨੇ ਵੱਖ-ਵੱਖ ਗਤੀਵਿਧੀਆਂ ਦੀ ਰਫ਼ਤਾਰ ਅਤੇ ਸੌਖ ਨੂੰ ਵਧਾਇਆ ਹੈ।



© NCERT not to be republished




# 1 ਸਾਂਝਾ ਜੀਵਨ

## ਮੇਰੇ ਪਿੰਡ ਦੀ ਫੇਰੀ

ਮੇਰਾ ਨਾਮ ਚੰਦਨ ਹੈ। ਮੈਂ ਇੱਕ ਖ਼ੂਬਸੂਰਤ ਪਿੰਡ ਵਿੱਚ ਰਹਿੰਦਾ ਹਾਂ। ਮੇਰੇ ਘਰ ਦੇ ਕੋਲ਼ ਇੱਕ ਵੱਡਾ ਖੇਡ ਦਾ ਮੈਦਾਨ ਹੈ। ਸਕੂਲ ਤੋਂ ਬਾਅਦ, ਮੈਂ ਆਪਣੇ ਮਿੱਤਰਾਂ ਨਾਲ਼ ਉੱਥੇ ਕਬੱਡੀ ਅਤੇ ਹੋਰ ਖੇਡਾਂ ਖੇਡਣ ਜਾਂਦਾ ਹਾਂ। ਖੇਡ ਮੈਦਾਨ ਦੇ ਇੱਕ ਕੋਨੇ 'ਚ ਇੱਕ ਵੱਡਾ ਬੋਹੜ ਦਾ ਦਰਖ਼ਤ ਹੈ, ਜਿਸ ਦੀ ਛਾਂ ਹੇਠਾਂ ਬੈਠ ਕੇ ਸਾਡੇ ਪਿੰਡ ਦੇ ਬਜ਼ੁਰਗ ਆਪਸ 'ਚ ਗੱਲਾਂ ਕਰਦੇ ਹਨ। ਆਓ, ਮੈਂ ਤੁਹਾਨੂੰ ਆਲ਼ਾ-ਦੁਆਲ਼ਾ ਦਿਖਾਵਾਂ!






© NCERT not to be republished

## ਲਿਖੋ

ਚੰਦਨ ਦੇ ਪਿੰਡ ਦੀ ਤਸਵੀਰ ਦੇਖੋ।

ਤੁਸੀਂ ਤਸਵੀਰ ਵਿੱਚ ਕੀ ਦੇਖ ਰਹੇ ਹੋ? ਹੇਠਾਂ ਲਿਖੋ।

________________________________________

________________________________________

## ਗਤੀਵਿਧੀ 1

ਆਪਣੇ ਨੇੜਲੇ ਇਲਾਕੇ ਦੀ ਪੜਚੋਲ ਕਰੋ। ਲੋਕਾਂ ਤੇ ਥਾਂਵਾਂ ਦਾ ਨਿਰੀਖਣ ਕਰੋ। ਹੇਠਾਂ ਦਿੱਤੀ ਸਾਰਨੀ ਵਿੱਚ ਆਪਣੇ ਨਿਰੀਖਣ ਲਿਖੋ ਕਿ ਤੁਸੀਂ ਜੋ ਲੋਕ ਅਤੇ ਸਥਾਨ ਦੇਖਦੇ ਹੋ ਉਹ ਇੱਕ ਦੂਜੇ ਨਾਲ਼ ਕਿਵੇਂ ਜੁੜੇ ਹੋਏ ਹਨ।

| ਥਾਂ/ ਲੋਕ | ਲੋਕਾਂ ਅਤੇ ਥਾਂਵਾਂ ਵਿਚਕਾਰ ਸੰਬੰਧ |
|---|---|
| ਦੁਕਾਨਦਾਰ | • ਖਾਣ-ਪੀਣ ਦੀਆਂ ਚੀਜ਼ਾਂ, ਕੱਪੜੇ ਤੇ ਰੋਜ਼ਾਨਾ ਵਰਤੋਂ ਵਾਲ਼ੀਆਂ ਵਸਤਾਂ ਵੇਚਦਾ ਹੈ।<br>• ਸਥਾਨਕ ਚੀਜ਼ਾਂ ਵੇਚਦਾ ਹੈ।<br>• ________ |
| ਸੜਕ | • ਵੱਖ -ਵੱਖ ਥਾਂਵਾਂ ‘ਤੇ ਰਹਿਣ ਵਾਲ਼ੇ ਲੋਕਾਂ ਨੂੰ ਆਪਸ ਵਿੱਚ ਜੋੜਦੀ ਹੈ।<br>• ਚੀਜ਼ਾਂ ਅਤੇ ਸੇਵਾਵਾਂ ਦੀ ਅਸਾਨ ਆਵਾਜਾਈ ਦੀ ਸਹੂਲਤ ਦਿੰਦੀ ਹੈ।<br>• ________ |
| ਸਿਹਤ ਕੇਂਦਰ | • ਰੋਗਾਂ ਦਾ ਇਲਾਜ ਕੀਤਾ ਜਾਂਦਾ ਹੈ।<br>• ________<br>• ________ |
| ਪੁਲਿਸ | • ਸੁਰੱਖਿਆ ਦਿੱਤੀ ਜਾਂਦੀ ਹੈ ।<br>• ________<br>________ |
| ਸਕੂਲ | • ________<br>• ________<br>• ________ |

© NCERT not to be republished

## ਚਰਚਾ ਕਰੋ

1. ਤੁਹਾਨੂੰ ਕਿਉਂ ਲੱਗਦਾ ਹੈ ਕਿ ਤੁਹਾਡੇ ਇਲਾਕੇ ਵਿੱਚ ਪਾਰਕ, ਸਕੂਲ, ਹਸਪਤਾਲ ਅਤੇ ਬੱਸ ਸਟਾਪ ਵਰਗੀਆਂ ਥਾਂਵਾਂ ਦਾ ਹੋਣਾ ਜ਼ਰੂਰੀ ਹੈ?
2. ਜੇ ਤੁਹਾਡੇ ਇਲਾਕੇ ਵਿੱਚ ਇਹਨਾਂ ਵਿੱਚੋਂ ਇੱਕ ਜਾਂ ਵਧੇਰੇ ਥਾਂਵਾਂ ਮੌਜੂਦ ਨਾ ਹੁੰਦੀਆਂ ਤਾਂ ਜੀਵਨ ਕਿਵੇਂ ਵੱਖਰਾ ਹੋਣਾ ਸੀ?
3. ਤੁਸੀਂ ਇਹਨਾਂ ਥਾਂਵਾਂ ਨੂੰ ਸਾਫ਼-ਸੁਥਰਾ ਅਤੇ ਸੁਰੱਖਿਅਤ ਬਣਾਈ ਰੱਖਣ ਲਈ ਕੀ ਕਰ ਸਕਦੇ ਹੋ?

ਲੋਕ ਅਤੇ ਥਾਂਵਾਂ ਸਾਡੇ ਭਾਈਚਾਰੇ ਦਾ ਹਿੱਸਾ ਹਨ। ਇੱਥੇ ਸਕੂਲ, ਬਜ਼ਾਰ, ਖੇਡ ਮੈਦਾਨ ਅਤੇ ਸੜਕਾਂ ਹਨ ਜੋ ਹਰ ਕੋਈ ਵਰਤਦਾ ਹੈ। ਜਨਤਕ ਥਾਵਾਂ ਦੀ ਵਰਤੋਂ ਵੱਖ-ਵੱਖ ਕਾਰਜਾਂ ਲਈ ਕੀਤੀ ਜਾਂਦੀ ਹੈ, ਜਿਵੇਂ ਕਿ ਖੇਡਾਂ, ਅਰਾਮ ਕਰਨ ਜਾਂ ਇੱਕ - ਦੂਜੇ ਨੂੰ ਮਿਲ਼ਣ ਲਈ। ਲੋਕ ਮਿਲ਼ ਕੇ ਕਈ ਵਾਰੀ ਇਹਨਾਂ ਥਾਵਾਂ ਨੂੰ ਸਾਫ਼ ਕਰਦੇ ਅਤੇ ਵੱਖ-ਵੱਖ ਮੌਕਿਆਂ ਉੱਤੇ ਸਜਾਉਂਦੇ ਵੀ ਹਨ। ਇਹ ਸਾਂਝੇ ਤਜਰਬੇ ਸਾਨੂੰ ਇੱਕ-ਦੂਜੇ ਦੇ ਨੇੜੇ ਲਿਆਉਂਦੇ ਹਨ ਅਤੇ ਚੰਗੀਆਂ ਯਾਦਾਂ ਬਣਾਉਂਦੇ ਹਨ।

## ਵਣ-ਮਹਾਂਉਤਸਵ : ਦਰਖ਼ਤ ਲਗਾਉਣ ਦਾ ਤਿਓਹਾਰ

ਵਣ-ਮਹਾਂਉਤਸਵ ਜਲਦ ਹੀ ਹੋਣ ਵਾਲ਼ਾ ਸੀ ਅਤੇ ਸਾਰੇ ਜਸ਼ਨ ਮਨਾਉਣ ਦੀ ਤਿਆਰੀ ਕਰ ਰਹੇ ਸਨ। ਚੰਦਨ ਅਤੇ ਉਸ ਦੇ ਸਕੂਲ ਦੇ ਦੋਸਤ ਬਹੁਤ ਉਤਸ਼ਾਹਿਤ ਸਨ।

**ਜੌਨ** : ਇਸ ਵਣ-ਮਹਾਂਉਤਸਵ 'ਤੇ ਅਸੀਂ ਸਕੂਲ ਨੇੜਲਾ ਪਾਰਕ ਸਾਫ਼ ਕਰਾਂਗੇ ਤੇ ਪਾਰਕ ਦੇ ਆਲ਼ੇ-ਦੁਆਲ਼ੇ ਦਰਖ਼ਤ ਲਗਾਵਾਂਗੇ।

**ਮੱਲਿਕਾ** : ਮੇਰੇ ਦਾਦੀ ਜੀ ਹਰ ਰੋਜ਼ ਆਪਣੀਆਂ ਸਹੇਲੀਆਂ ਨਾਲ਼ ਸਵੇਰੇ ਸੈਰ ਕਰਨ ਲਈ ਇੱਥੇ ਆਉਂਦੇ ਹਨ। ਜੇ ਅਸੀਂ ਪਾਰਕ ਸਾਫ਼ ਕਰੀਏ ਤੇ ਦਰਖ਼ਤ ਲਗਾਈਏ, ਤਾਂ ਉਹ ਆਪਣੀ ਸੈਰ ਦਾ ਜ਼ਿਆਦਾ ਅਨੰਦ ਮਾਣਨਗੇ ਅਤੇ ਸਾਹ ਲੈਣ ਲਈ ਸਵੱਛ ਹਵਾ ਮਿਲੇਗੀ।

**ਚੰਦਨ** : ਹਾਂ,ਆਓ ਇਹ ਤਿਓਹਾਰ ਮਨਾਉਣ ਲਈ ਅਸੀਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀ ਬੁਲਾਈਏ।

© NCERT not to be republished

**ਕੀ ਤੁਸੀਂ ਜਾਣਦੇ ਹੋ?**

ਵਣ-ਮਹਾਂਉਤਸਵ, ਜਿਸ ਨੂੰ ਰੁੱਖ ਲਗਾਉਣ ਦਾ ਤਿਓਹਾਰ ਵੀ ਕਿਹਾ ਜਾਂਦਾ ਹੈ, ਹਰ ਸਾਲ ਭਾਰਤ ਵਿੱਚ ਮੀਂਹ ਦੇ ਮੌਸਮ ਦੌਰਾਨ 1 ਜੁਲਾਈ ਤੋਂ 7 ਜੁਲਾਈ ਤੱਕ ਮਨਾਇਆ ਜਾਂਦਾ ਹੈ। ਲੋਕ ਵਾਤਾਵਰਨ ਦੀ ਸੰਭਾਲ਼ ਲਈ ਅਤੇ ਧਰਤੀ ਨੂੰ ਹੋਰ ਹਰੀ-ਭਰੀ ਬਣਾਉਣ ਲਈ ਰੁੱਖ ਲਗਾਉਂਦੇ ਹਨ।



## ਗਤੀਵਿਧੀ 2

ਆਓ ਆਪਾਂ ਚੰਦਨ ਅਤੇ ਉਸ ਦੇ ਦੋਸਤਾਂ ਨੂੰ ਆਪਣੇ ਆਲ਼ੇ-ਦੁਆਲ਼ੇ ਦੇ ਲੋਕਾਂ ਨੂੰ ਵਣ-ਮਹਾਂਉਤਸਵ ਵਿੱਚ ਹਿੱਸਾ ਲੈਣ ਲਈ ਸੱਦਾ ਦੇਣ ਵਿੱਚ ਮਦਦ ਕਰਨ ਲਈ ਇੱਕ ਰੰਗੀਨ ਪੋਸਟਰ ਬਣਾਈਏ।

## ਭਾਈਚਾਰੇ ਵਿੱਚੋਂ ਮਦਦ ਕਰਨ ਵਾਲ਼ੇ ਮਦਦਗਾਰ

ਬੱਚੇ ਖੁਸ਼ ਸਨ ਕਿਉਂਕਿ ਉਹਨਾਂ ਦੇ ਮਾਤਾ-ਪਿਤਾ ਅਤੇ ਹੋਰ ਪਿੰਡ ਵਾਸੀ ਵੀ ਸ਼ਾਮਲ ਹੋ ਗਏ। ਹਰ ਕੋਈ ਇਸ ਤਿਓਹਾਰ ਨੂੰ ਖ਼ਾਸ ਬਣਾਉਣਾ ਚਾਹੁੰਦਾ ਸੀ। ਉਹ ਖੇਡ ਮੈਦਾਨ ਦੇ ਕੋਲ਼ ਵੱਡੇ ਬੋਹੜ ਦੇ ਰੁੱਖ ਹੇਠਾਂ ਇਕੱਠੇ ਹੋਏ ਤਾਂ ਜੋ ਤਿਓਹਾਰ ਦੀ ਯੋਜਨਾ ਬਣਾਈ ਜਾ ਸਕੇ। ਮਾਪਿਆਂ ਨੇ ਵੀ ਮਦਦ ਕਰਨ ਲਈ ਸੋਚਿਆ।

**ਸ਼ੀਲਾ** : ਜਿਸ ਪਾਰਕ ਵਿੱਚ ਅਸੀਂ ਵਣ-ਮਹਾਂਉਤਸਵ ਮਨਾਉਣ ਦੀ ਯੋਜਨਾ ਬਣਾ ਰਹੇ ਹਾਂ, ਉਸ ਨੂੰ ਠੀਕ ਕਰਨ ਦੀ ਲੋੜ ਹੈ।

**ਸਮੀਰ** : ਹਾਂ, ਇਹ ਪਾਰਕ ਸਾਲਾਂ ਤੋਂ ਸਾਡੀ ਜ਼ਿੰਦਗੀ ਦਾ ਹਿੱਸਾ ਰਿਹਾ ਹੈ। ਮੇਰੇ ਘਰ ਵਿੱਚ ਕੁਝ ਲੱਕੜ ਅਤੇ ਕਿੱਲਾਂ ਹਨ। ਮੈਂ ਪਾਰਕ ਦੀਆਂ ਬੈਂਚਾਂ ਠੀਕ ਕਰ ਸਕਦਾ ਹਾਂ।

**ਬਬੀਤਾ** : ਮੈਂ ਪਾਰਕ ਦੇ ਨੇੜੇ ਵਾਲ਼ੀ ਸੜਕ ਦੀ ਬੱਤੀ ਠੀਕ ਕਰਾਂਗੀ।

**ਅਧਿਆਪਕ ਲਈ ਨੋਟ**

ਅਧਿਆਪਕ ਬੱਚਿਆਂ ਨੂੰ ਪੋਸਟਰ ਬਣਾਉਣ ਲਈ ਲੋੜੀਂਦੀਆਂ ਵਸਤਾਂ ਮੁਹੱਈਆਂ ਕਰਵਾ ਸਕਦਾ ਹੈ ਜਿਵੇਂ ਚਾਰਟ ਪੇਪਰ, ਕਾਗ਼ਜ਼ (ਸ਼ੀਟਾਂ) ਅਤੇ ਰੰਗ ਆਦਿ।

© NCERT not to be republished



**ਨੂਰ** : ਮੈਂ ਆਪਣੀ ਨਰਸਰੀ ਤੋਂ ਕੁਝ ਪੌਦੇ ਲਿਆਵਾਂਗੀ। ਫਿਰ ਅਸੀਂ ਉਹਨਾਂ ਨੂੰ ਪਾਰਕ ਦੇ ਕਿਨਾਰਿਆਂ 'ਤੇ ਲਗਾਵਾਂਗੇ।

**ਬਬੀਤਾ** : ਜੇ ਅਸੀਂ ਸਭ ਮਿਲ਼ ਕੇ ਕੰਮ ਕਰੀਏ, ਤਾਂ ਪਾਰਕ ਛੇਤੀ ਤਿਆਰ ਹੋ ਜਾਵੇਗਾ। ਵਣ-ਮਹਾਂਉਤਸਵ ਬਹੁਤ ਹੀ ਮਜ਼ੇਦਾਰ ਹੋਵੇਗਾ!

ਹਰ ਪਿੰਡ ਵਾਸੀ ਕਿਸੇ ਨਾ ਕਿਸੇ ਤਰ੍ਹਾਂ ਯੋਗਦਾਨ ਦੇਣ ਲਈ ਅੱਗੇ ਆਇਆ।

## ਗਤੀਵਿਧੀ 3

1. ਉਹ ਲੋਕ ਕੌਣ ਹਨ ਜੋ ਤੁਹਾਡੇ ਮੁਹੱਲੇ ਦੀ ਦੇਖ-ਰੇਖ ਕਰਦੇ ਹਨ? ਉਹਨਾਂ ਦੇ ਕਿੱਤੇ ਕੀ ਹਨ?

______________________________



______________________________

______________________________

______________________________

© NCERT not to be republished

2. ਹੇਠਾਂ ਦਿੱਤੀ ਸਾਰਨੀ ਨੂੰ ਦੇਖੋ। ਪਾਰਕ ਦੇ ਵਿਕਾਸ ਅਤੇ ਦੇਖ-ਰੇਖ ਲਈ ਲੋੜੀਂਦੇ ਵੱਖ-ਵੱਖ ਕਿਸਮਾਂ ਦੇ ਕੰਮ ਦੀ ਸੂਚੀ ਬਣਾਓ। ਨਾਲ਼ ਹੀ, ਲੋੜੀਂਦੀ ਸਮਗਰੀ, ਔਜ਼ਾਰਾਂ ਅਤੇ ਮੁਹਾਰਤ ਦਾ ਜ਼ਿਕਰ ਕਰੋ।

| ਕੰਮ 'ਤੇ ਲੱਗੇ ਲੋਕ | ਪੇਸ਼ਾ | ਉਹ ਕੀ ਕਰਦੇ ਹਨ? | ਸਮਗਰੀ/ਔਜ਼ਾਰ |
|---|---|---|---|
|  | ਰਾਜ ਮਿਸਤਰੀ | ਇੱਟਾਂ ਤੇ ਸੀਮਿੰਟ ਨਾਲ਼ ਕੰਧਾਂ ਦੀ ਮੁਰੰਮਤ ਕਰਨਾ। |  ਕਰੰਡੀ |
|  | | |  |
|  | | |  |
|  | | |  |
|  | | |  |

3. ਤੁਸੀਂ ਆਪਣੇ ਪਰਿਵਾਰਕ ਮੈਂਬਰਾਂ ਜਾਂ ਗੁਆਂਢੀਆਂ ਕੋਲੋਂ ਇਹ ਪਤਾ ਕਰੋ ਕਿ ਉਹ ਕੀ ਕੰਮ ਕਰਦੇ ਹਨ। ਤੁਸੀਂ ਉਹਨਾਂ ਨੂੰ ਕਿਹੋ ਜਿਹੇ ਸਵਾਲ ਪੁੱਛੋਗੇ? ਹੇਠਾਂ ਕੁਝ ਉਦਾਹਰਨਾਂ ਦਿੱਤੀਆਂ ਗਈਆਂ ਹਨ:

(ੳ) ਤੁਹਾਨੂੰ ਆਪਣੇ ਕੰਮ ਵਿੱਚ ਸਭ ਤੋਂ ਵਧੀਆ ਕੀ ਲੱਗਦਾ ਹੈ?

(ਅ) ਤੁਸੀਂ ਕਿਹੜੀ ਤਰ੍ਹਾਂ ਦੇ ਔਜ਼ਾਰ ਜਾਂ ਚੀਜ਼ਾਂ ਵਰਤਦੇ ਹੋ?

(ੲ) ਤੁਹਾਨੂੰ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ?

© NCERT not to be republished

## ਵਣ-ਮਹਾਂਉਤਸਵ ਮਨਾਉਣਾ


ਬੱਚੇ ਆਪਣੇ ਪਰਿਵਾਰਾਂ ਦੇ ਨਾਲ਼ ਪਾਰਕ ਵਿੱਚ ਵਣ-ਮਹਾਂਉਤਸਵ ਮਨਾਉਣ ਲਈ ਇਕੱਠੇ ਹੋਏ। ਮੱਲਿਕਾ ਨੇ ਐਲਾਨ ਕਰਨ ਲਈ ਮਾਈਕਰੋਫ਼ੋਨ ਦੀ ਵਰਤੋਂ ਕੀਤੀ। ਸਾਫ਼-ਸਫ਼ਾਈ, ਪੌਂਦੇ ਲਗਾਉਣ, ਪਾਣੀ ਦੇਣ, ਖਾਣਾ ਬਣਾਉਣ ਆਦਿ ਲਈ ਵੱਖ-ਵੱਖ ਗਰੁੱਪ ਬਣਾਏ ਗਏ।

ਸਭ ਨੇ ਮਿਲ਼ ਕੇ ਕੰਮ ਕੀਤਾ ਅਤੇ ਇਕ ਦੂਜੇ ਦੀ ਮਦਦ ਕੀਤੀ। ਹੁਣ ਪਾਰਕ ਨਵੇਂ ਲਗਾਏ ਪੌਦਿਆਂ, ਸਾਫ਼ ਰਸਤਿਆਂ ਅਤੇ ਰੰਗ ਕੀਤੀਆਂ ਕੰਧਾਂ ਨਾਲ਼ ਖ਼ੂਬਸੂਰਤ ਲੱਗ ਰਿਹਾ ਸੀ।

### ਦਰਿਆ ਉੱਪਰ ਕਮਿਊਨਿਟੀ ਪੁਲ਼

ਛੱਤੀਸਗੜ੍ਹ ਦੇ ਕਾਂਕੇਰ ਵਿੱਚ ਚਿਨਾਰ ਦਰਿਆ ਮੀਂਹ ਦੇ ਮੌਸਮ ਵਿੱਚ ਅਕਸਰ ਨੱਕੋ-ਨੱਕ ਭਰ ਕੇ ਕੰਢਿਆਂ ਤੋਂ ਉੱਪਰ ਹੋ ਕੇ ਵਗਣ ਲੱਗ ਜਾਂਦਾ ਹੈ। ਇਸ ਕਾਰਨ ਸਮਾਨ ਅਤੇ ਵਾਹਨਾਂ ਦੀ ਆਵਾਜਾਈ ਬਹੁਤ ਮੁਸ਼ਕਿਲ ਹੋ ਜਾਂਦੀ ਹੈ। ਸਕੂਲਾਂ ਅਤੇ ਹਸਪਤਾਲਾਂ ਤੱਕ ਪਹੁੰਚਣਾ ਵੱਡੀ ਚੁਣੌਤੀ ਬਣ ਜਾਂਦੀ ਹੈ।

2024 ਦੀ ਇੱਕ ਅਜਿਹੀ ਹੀ ਵਰਖਾ ਰੁੱਤ ਦੌਰਾਨ, ਸਾਰਾ ਭਾਈਚਾਰਾ ਇਕੱਠਾ ਹੋਇਆ ਅਤੇ ਬਾਂਸ, ਪੱਥਰਾਂ ਅਤੇ ਹੋਰ ਸਮਗਰੀ ਦੀ ਵਰਤੋਂ ਕਰਕੇ ਸਿਰਫ਼ ਦੋ ਦਿਨਾਂ ਵਿੱਚ ਇੱਕ ਸਧਾਰਨ ਪਰ ਮਜ਼ਬੂਤ ਪੁਲ਼ ਬਣਾਇਆ। ਹੁਣ ਬੱਚੇ ਅਸਾਨੀ ਨਾਲ਼ ਸਕੂਲ ਜਾ ਸਕਦੇ ਹਨ ਤੇ ਪਿੰਡ ਵਾਲ਼ੇ ਦਰਿਆ ਪਾਰ ਕਰ ਸਕਦੇ ਹਨ।



not to be republished © NCERT

## ਚਰਚਾ ਕਰੋ

1. ਲੋੜ ਸਮੇਂ ਭਾਈਚਾਰੇ ਦਾ ਇੱਕੱਠੇ ਹੋਣਾ ਜ਼ਰੂਰੀ ਹੁੰਦਾ ਹੈ। ਤੁਸੀਂ ਇਸ ਕਥਨ ਬਾਰੇ ਕੀ ਸੋਚਦੇ ਹੋ?
2. ਕੀ ਤੁਹਾਡੇ ਇਲਾਕੇ ਦੇ ਲੋਕ ਇਕੱਠੇ ਹੁੰਦੇ ਹਨ ਅਤੇ ਇੱਕ ਦੂਜੇ ਦੀ ਮਦਦ ਕਰਦੇ ਹਨ? ਕੀ ਤੁਹਾਨੂੰ ਕੋਈ ਅਜਿਹੀ ਘਟਨਾ ਯਾਦ ਹੈ?

ਜਿਵੇਂ ਪਿੰਡ ਦੇ ਲੋਕ ਕਿਸੇ ਸਮੱਸਿਆ ਨੂੰ ਹੱਲ ਕਰਨ ਲਈ ਇਕੱਠੇ ਹੋਏ ਸਨ, ਉਵੇਂ ਹੀ ਸਾਡੇ ਸਕੂਲ ਅਤੇ ਆਂਢੀ-ਗੁਆਂਢੀ ਇੱਕ ਟੀਮ ਵਜੋਂ ਇਕੱਠੇ ਕੰਮ ਕਰਨ ਵਾਲ਼ੇ ਲੋਕਾਂ 'ਤੇ ਵੀ ਨਿਰਭਰ ਕਰਦੇ ਹਨ।

**ਕੀ ਤੁਸੀਂ ਜਾਣਦੇ ਹੋ?**

ਕੀੜੀਆਂ ਦੀ ਇੱਕ ਬਸਤੀ, ਕੀੜੀਆਂ ਦੇ ਇੱਕ ਵੱਡੇ ਭਾਈਚਾਰੇ ਵਾਂਗ ਹੁੰਦੀ ਹੈ, ਜਿੱਥੇ ਹਰ ਕਿਸੇ ਦਾ ਇੱਕ ਖ਼ਾਸ ਕੰਮ ਹੁੰਦਾ ਹੈ, ਬਿਲਕੁਲ ਇੱਕ ਮਨੁੱਖੀ ਭਾਈਚਾਰੇ ਵਾਂਗ ! ਕੁਝ ਕੀੜੀਆਂ ਭੋਜਨ ਇਕੱਠਾ ਕਰਦੀਆਂ ਹਨ, ਦੂਜੀਆਂ ਬੱਚਿਆਂ ਦੀ ਦੇਖ-ਭਾਲ਼ ਕਰਦੀਆਂ ਹਨ ਅਤੇ ਕੁਝ ਆਪਣੇ ਘਰ ਦੀ ਰੱਖਿਆ ਕਰਦੀਆਂ ਹਨ - ਬਿਲਕੁਲ ਉਸੇ ਤਰ੍ਹਾਂ ਜਿਵੇਂ ਇੱਕ ਭਾਈਚਾਰੇ ਦੇ ਲੋਕ ਸਾਰਿਆਂ ਲਈ ਜੀਵਨ ਨੂੰ ਬਿਹਤਰ ਬਣਾਉਣ ਵਾਸਤੇ ਇਕੱਠੇ ਕੰਮ ਕਰਦੇ ਹਨ।

## ਭੋਜਨ ਵੰਡ ਕੇ ਛਕਣਾ

ਦਰਖ਼ਤ ਲਗਾਉਣ ਤੋਂ ਬਾਅਦ, ਚੰਦਨ ਅਤੇ ਉਸ ਦੇ ਦੋਸਤ ਉਸ ਥਾਂ ਵੱਲ ਦੌੜੇ ਜਿੱਥੇ ਭੋਜਨ ਤਿਆਰ ਕੀਤਾ ਜਾ ਰਿਹਾ ਸੀ। ਪਿੰਡ ਦੇ ਲੋਕ ਸਬਜ਼ੀਆਂ ਅਤੇ ਅਨਾਜ ਲੈ ਕੇ ਆਏ ਸਨ। ਇਹ ਭੋਜਨ ਸਾਰਿਆਂ ਦੀ ਸਖ਼ਤ ਮਿਹਨਤ ਦਾ ਜਸ਼ਨ ਮਨਾਉਣ ਲਈ ਇੱਕ ਭਾਈਚਾਰਕ ਦਾਅਵਤ ਸੀ।



© NCERT not to be republished



ਸਾਰੇ ਇਕੱਠੇ ਖਾਣਾ ਖਾਣ ਬੈਠ ਗਏ। ਬੱਚਿਆਂ ਨੇ ਕੇਲੇ ਦੇ ਪੱਤੇ ਵੰਡੇ ਅਤੇ ਦੂਜੇ ਸੇਵਾਦਾਰਾਂ ਨੇ ਖਾਣਾ ਪਰੋਸਿਆ। ਸਾਰਿਆਂ ਨੇ ਜੋਸ਼ ਨਾਲ਼ ਗੱਲਾਂ ਕੀਤੀਆਂ। ਹਾਸੇ-ਮਜ਼ਾਕ ਦੇ ਨਾਲ਼-ਨਾਲ਼ ਸੁਆਦੀ ਖਾਣਾ ਵੀ ਸੀ। ਦਾਅਵਤ ਤੋਂ ਬਾਅਦ ਪੱਤੇ ਇੱਕ ਟੋਏ ਵਿੱਚ ਸੁੱਟ ਦਿੱਤੇ ਗਏ।

**ਕੀ ਤੁਸੀਂ ਜਾਣਦੇ ਹੋ?**

ਟੋਏ ਵਿੱਚ ਦੱਬੇ ਪੱਤੇ ਖਾਦ ਬਣ ਜਾਂਦੇ ਹਨ ਅਤੇ ਇਹ ਮਿੱਟੀ ਦੀ ਗੁਣਵਤਾ ਨੂੰ ਹੋਰ ਵਧੀਆ ਬਣਾਉਂਦੇ ਹਨ।

## ਲਿਖੋ

ਆਪਣੇ ਪਰਿਵਾਰ ਜਾਂ ਭਾਈਚਾਰੇ ਬਾਰੇ ਸੋਚੋ। ਜਦੋਂ ਤੁਸੀਂ ਕਿਸੇ ਤਿਓਹਾਰ ਜਾਂ ਹੋਰ ਸਮਾਗਮ ਦੀ ਤਿਆਰੀ ਕਰਦੇ ਹੋ, ਤਾਂ ਤੁਸੀਂ ਇਕ ਦੂਜੇ ਦੀ ਸਹਾਇਤਾ ਕਿਵੇਂ ਕਰਦੇ ਹੋ?

______________________________

______________________________

______________________________

© NCERT not to be republished

**ਕੀ ਤੁਸੀਂ ਜਾਣਦੇ ਹੋ?**

ਉਰੂਕਾ, ਮਾਘ ਬਿਹੂ ਦਾ ਪਹਿਲਾ ਦਿਨ 14 ਜਨਵਰੀ ਨੂੰ ਅਸਾਮ ਵਿੱਚ ਖੁਸ਼ੀ, ਦਾਅਵਤ ਅਤੇ ਮੇਲ਼-ਜੋਲ ਦਾ ਸਮਾਂ ਹੁੰਦਾ ਹੈ। ਇਸ ਦਿਨ, ਲੋਕ ਬਾਂਸ ਅਤੇ ਘਾਹ ਦੀ ਵਰਤੋਂ ਕਰਕੇ ਇੱਕ ਝੌਂਪੜੀ ਬਣਾਉਣ ਲਈ ਇਕੱਠੇ ਹੁੰਦੇ ਹਨ ਜਿਸ ਨੂੰ 'ਭੇਲਾ ਘਰ' ਕਿਹਾ ਜਾਂਦਾ ਹੈ। ਜਸ਼ਨ ਇੱਕ ਵੱਡੀ ਦਾਅਵਤ ਨਾਲ਼ ਖ਼ਤਮ ਹੁੰਦਾ ਹੈ, ਜਿੱਥੇ ਉਹ ਇਕੱਠੇ ਪਕਾਉਂਦੇ, ਖਾਂਦੇ ਅਤੇ ਨੱਚਦੇ ਹਨ।



ਵਣ-ਮਹਾਂਉਤਸਵ ਦਾ ਜਸ਼ਨ ਖ਼ਤਮ ਹੋ ਗਿਆ। ਸਾਰੇ ਥੱਕੇ ਹੋਏ ਸਨ, ਫਿਰ ਵੀ, ਉਹ ਖ਼ੁਸ਼ ਸਨ ਕਿ ਉਹਨਾਂ ਨੇ ਮਿਲ਼ ਕੇ ਕੰਮ ਕੀਤਾ ਹੈ ਅਤੇ ਪਾਰਕ ਨੂੰ ਸੁੰਦਰ ਅਤੇ ਆਕਰਸ਼ਕ ਬਣਾਇਆ ਹੈ। ਬੱਚਿਆਂ ਨੇ ਇਸ ਦਿਨ ਤੋਂ ਪਾਰਕ ਦੀ ਦੇਖ-ਭਾਲ਼ ਕਰਨ ਦਾ ਫ਼ੈਸਲਾ ਕੀਤਾ।



© NCERT not to be republished

### ਕੀ ਤੁਸੀਂ ਜਾਣਦੇ ਹੋ?

ਸਿੱਕਿਮ ਵਿੱਚ ਜਦੋਂ ਫ਼ਸਲਾਂ ਕੱਟਣ ਦਾ ਸਮਾਂ ਹੁੰਦਾ ਹੈ, ਤਾਂ ਭਾਈਚਾਰੇ ਦੇ ਲੋਕ ਇਕੱਠੇ ਹੋ ਕੇ ਇੱਕ ਦੂਜੇ ਦੀ ਮਦਦ ਕਰਦੇ ਹਨ। ਇਹ ਲੋਕ, ਜੋ ਖੇਤੀਬਾੜੀ ਦੇ ਮਾਹਿਰ ਹੁੰਦੇ ਹਨ, ਉਹਨਾਂ ਨੂੰ 'ਖੇਤਾਲਾ' ਕਿਹਾ ਜਾਂਦਾ ਹੈ। ਅਜਿਹੀ ਪਰੰਪਰਾ ਕਟਾਈ ਨੂੰ ਅਸਾਨ ਬਣਾਉਂਦੀ ਹੈ ਅਤੇ ਲੋਕਾਂ ਵਿੱਚ ਸਾਂਝ ਦੀ ਭਾਵਨਾ ਪੈਦਾ ਕਰਦੀ ਹੈ।


## ਚਰਚਾ ਕਰੋ

1. ਅਸੀਂ ਕੁਦਰਤ ਅਤੇ ਆਪਣੇ ਆਸੇ-ਪਾਸੇ ਦੇ ਇਲਾਕੇ ਦੀ ਸੰਭਾਲ਼ ਕਿਹੜੇ ਤਰੀਕਿਆਂ ਨਾਲ਼ ਕਰ ਸਕਦੇ ਹਾਂ? ਇਸ ਦੀ ਇੱਕ ਸੂਚੀ ਤਿਆਰ ਕਰੋ।
2. ਦੂਜਿਆਂ ਦੀ ਮਦਦ ਕਰਨ ਅਤੇ ਇਕੱਠੇ ਕੰਮ ਕਰਨ ਨਾਲ਼ ਸਾਡਾ ਭਾਈਚਾਰਾ ਕਿਵੇਂ ਬਿਹਤਰ ਬਣਦਾ ਹੈ?

## ਆਓ ਵਿਚਾਰ ਕਰੀਏ

**ਸਾਡਾ ਸਕੂਲ, ਸਾਡੀ ਟੀਮ !**

1. ਤੁਹਾਡੇ ਸਕੂਲ ਵਿੱਚ ਵਿਅਕਤੀਆਂ ਦੁਆਰਾ ਨਿਭਾਈਆਂ ਜਾਣ ਵਾਲ਼ੀਆਂ ਵੱਖ-ਵੱਖ ਭੂਮਿਕਾਵਾਂ ਬਾਰੇ ਲਿਖੋ — ਅਧਿਆਪਕ, ਵਿਦਿਆਰਥੀ, ਦੇਖ-ਭਾਲ਼ ਕਰਨ ਵਾਲ਼ੇ, ਬੱਸ ਚਾਲਕ ਆਦਿ।




© NCERT not to be republished

| ਲੋਕ | ਉਹ ਸਕੂਲ ਵਿੱਚ ਕਿਵੇਂ ਮਦਦ ਕਰਦੇ ਹਨ? |
|---|---|
| ਅਧਿਆਪਕ | ਅਧਿਆਪਕ ਵਿਦਿਆਰਥੀਆਂ ਨੂੰ ਕੁਝ ਨਵਾਂ ਸਿੱਖਣ ਵਿੱਚ ਮਦਦ ਕਰਦਾ ਹੈ। |
| ਸਕੂਲ ਬੱਸ ਚਾਲਕ | |
| | |
| | |

(ੳ) ਸਕੂਲ ਵਿੱਚ ਸਾਰਿਆਂ ਲਈ ਇਕਜੁੱਟ ਹੋ ਕੇ ਕੰਮ ਕਰਨਾ ਕਿਉਂ ਜ਼ਰੂਰੀ ਹੈ?

(ਅ) ਸਕੂਲੀ ਭਾਈਚਾਰੇ ਦੇ ਮੈਂਬਰ ਵਜੋਂ ਤੁਹਾਡੀ ਕੀ ਭੂਮਿਕਾ ਹੈ?

2. 4-5 ਵਿਦਿਆਰਥੀਆਂ ਦੇ ਛੋਟੇ ਗਰੁੱਪ ਬਣਾਓ। ਹੇਠਾਂ ਦਿੱਤੀ ਸੂਚੀ ਵਿੱਚੋਂ ਇੱਕ ਮਨੋਰੰਜਕ ਗਤੀਵਿਧੀ ਕਰਨ ਲਈ ਚੁਣੋ।

(ੳ) ਦਰਖ਼ਤ ਲਗਾਉਣਾ

(ਅ) ਸਫ਼ਾਈ ਮੁਹਿੰਮ

(ੲ) ਕੁਦਰਤ ਤੋਂ ਮਿਲ਼ਣ ਵਾਲ਼ੀਆਂ ਚੀਜ਼ਾਂ ਨਾਲ਼ ਕਲਾਕਾਰੀ ਵਾਲ਼ੀਆਂ ਚੀਜ਼ਾਂ ਬਣਾਉਣਾ (ਕੁਝ ਵਰਤਣ ਵਾਲ਼ੀਆਂ ਚੀਜ਼ਾਂ; ਜਿਵੇਂ ਪੱਤਿਆਂ ਦੀ ਪਲੇਟ ਜਾਂ ਸਜਾਵਟੀ ਚੀਜ਼; ਜਿਵੇਂ ਫੁੱਲਾਂ ਦੀ ਮਾਲ਼ਾ)

ਗਤੀਵਿਧੀ ਪੂਰੀ ਹੋਣ ਤੋਂ ਬਾਅਦ ਇਹ ਸਾਰਨੀ ਭਰੋ:

| ਗਰੁੱਪ ਦਾ ਨਾਂ | ਚੁਣੀ ਗਈ ਗਤੀਵਿਧੀ | ਵਰਤੀ ਗਈ ਸਮਗਰੀ | ਤੁਸੀਂ ਕੀ ਸਿੱਖਿਆ? |
|---|---|---|---|
| | | | |
| | | | |
| | | | |

3. ਪਹੇਲੀਆਂ ਨੂੰ ਉਹਨਾਂ ਦੇ ਤਸਵੀਰਾਂ ਵਿੱਚ ਲੁਕੇ ਹੋਏ ਜਵਾਬਾਂ ਨਾਲ਼ ਮਿਲਾਓ।

not to be republished © NCERT

(ੳ) ਮੈਂ ਹਾਂ ਉਹ ਥਾਂ, ਜਿੱਥੇ ਲੋਕੀਂ ਕਰਦੇ ਉਡੀਕ
ਬੱਸਾਂ ਆਉਂਦੀਆਂ ਤੇ ਜਾਂਦੀਆਂ ਰਹਿੰਦੀਆਂ ਸਭ ਨੂੰ
ਜਾਣ ਲਈ, ਸਵਾਰੀ ਮਿਲ਼ਦੀ ਠੀਕ
ਵੱਡੀਆਂ- ਛੋਟੀਆਂ ਥਾਂਵਾਂ ‘ਤੇ, ਮੈਂ ਹਾਂ ਆਮ ਹੁਣ
ਧਿਆਨ ਨਾਲ਼ ਸੋਚੋ, ਮੇਰਾ ਕੀ ਹੈ ਨਾਮ।



ਉੱਤਰ: ______________________

(ਅ) ਦੂਰ-ਦੂਰ ਤੋਂ ਚਿੱਠੀਆਂ ਲਿਆਵਾਂ,
ਟਿਕਟਾਂ ਲੱਗੀਆਂ ਤੇ ਪਾਰਸਲ ਪਹੁੰਚਾਵਾਂ।
ਚਿੱਠੀ ਲਿਖ ਕੇ ਮੇਰੇ ਤੱਕ ਪਹੁੰਚਾਓ,
ਛੇਤੀ-ਛੇਤੀ ਮੇਰਾ ਨਾਮ ਸੁਝਾਓ ?



ਉੱਤਰ: ______________________

(ੲ) ਮੈਂ ਹਾਂ ਰੰਗਾਂ, ਰੌਸ਼ਨੀਆਂ ਤੇ ਅਵਾਜ਼ਾਂ ਨਾਲ਼ ਭਰਪੂਰ,
ਜਿੱਥੇ ਲੋਕ ਕਰਦੇ ਖ਼ਰੀਦਦਾਰੀ, ਆਉਂਦੇ ਨੇੜਿਓਂ ਦੂਰ।
ਇੱਥੇ ਮਿਲ਼ਦਾ ਫਲ਼, ਸਬਜ਼ੀਆਂ ਅਤੇ ਹੋਰ ਸਮਾਨ,
ਹਰ ਪਾਸਾ ਮੇਰਾ ਰੁੱਝਿਆ, ਦੱਸੋ ਕੀ ਹੈ ਮੇਰਾ ਨਾਮ?




ਉੱਤਰ: ______________________

(ਸ) ਮੈਂ ਉਹ ਥਾਂ ਹਾਂ, ਜਿੱਥੇ ਤੁਸੀਂ ਦੌੜਦੇ ਅਤੇ ਖੇਡਦੇ,
ਝੂਟਿਆਂ ਅਤੇ ਸਲਾਈਡਾਂ ਨਾਲ਼ ਦਿਨ ਦੇ ਮਜ਼ੇ ਲੁੱਟਦੇ।
ਹਾਸੇ-ਠਹਾਕੇ ਜਿੱਥੇ ਗੂੰਜਦੇ ਨੇ ਖੁੱਲ੍ਹੇਆਮ,
ਕੀ ਤੁਸੀਂ ਬੁੱਝਿਆ, ਮੇਰਾ ਕੀ ਹੈ ਨਾਮ?



ਉੱਤਰ: ______________________

© NCERT not to be republished

ਕੋਈ ਆਪਣੀ ਪਸੰਦ ਦੀ ਜਨਤਕ ਥਾਂ ਚੁਣੋ ਅਤੇ ਆਪਣੇ ਦੋਸਤਾਂ ਲਈ ਉਸ ਬਾਰੇ ਇਸੇ ਤਰ੍ਹਾਂ ਦੀ ਪਹੇਲੀ ਬਣਾਓ।

4. ਕਲਾਸ ਵਿੱਚ ਤਿੰਨ ਸਮੂਹ ਬਣਾਓ। ਹਰ ਸਮੂਹ ਆਪਣੇ ਇਲਾਕੇ ਦੀ ਕਿਸੇ ਅਜਿਹੀ ਹਾਲਤ ਬਾਰੇ ਸੋਚੇ ਜੋ ਬਿਹਤਰ ਕਰਨ ਦੀ ਲੋੜ ਹੈ। ਅਜਿਹੀਆਂ ਗਤੀਵਿਧੀਆਂ ਸੋਚੋ ਜੋ ਇਸ ਨੂੰ ਬਿਹਤਰ ਬਣਾ ਸਕਦੀਆਂ ਹਨ। ਇਹ ਸਫ਼ਾਈ, ਦੂਜਿਆਂ ਦੀ ਮਦਦ ਜਾਂ ਕਿਸੇ ਸਮਾਰੋਹ ਦੀ ਯੋਜਨਾ ਆਦਿ ਨਾਲ਼ ਜੁੜੀ ਹੋ ਸਕਦੀ ਹੈ।

| ਸਮੂਹ | ਸਥਿਤੀ | ਗਤੀਵਿਧੀ | ਤੁਹਾਡੀ ਭੂਮਿਕਾ |
|---|---|---|---|
| ਸਮੂਹ 1 | | | |
| ਸਮੂਹ 2 | | | |
| ਸਮੂਹ 3 | | | |

ਸਾਰਨੀ ਪੂਰੀ ਕਰਨ ਤੋਂ ਬਾਅਦ, ਹੇਠਾਂ ਦਿੱਤੇ ਪ੍ਰਸ਼ਨਾਂ ਬਾਰੇ ਚਰਚਾ ਕਰੋ ਅਤੇ ਉਹਨਾਂ ਦੇ ਉੱਤਰ ਲਿਖੋ।

(ੳ) ਕੀ ਤੁਹਾਨੂੰ ਲੱਗਦਾ ਹੈ ਕਿ ਮਿਲ਼-ਜੁਲ ਕੇ ਕੰਮ ਕਰਨ ਨਾਲ਼ ਤੁਹਾਡੀਆਂ ਗਤਿਵਿਧੀਆਂ ਹੋਰ ਲਾਭਕਾਰੀ ਬਣ ਸਕਦੀਆਂ ਹਨ? ਕਾਰਨ ਦੱਸੋ।

(ਅ) ਇਹਨਾਂ ਗਤਿਵਿਧੀਆਂ ਵਿੱਚ ਤੁਹਾਡੀ ਹਿੱਸੇਦਾਰੀ, ਭਾਈਚਾਰੇ ਦੀ ਕਿਵੇਂ ਸਹਾਇਤਾ ਕਰੇਗੀ?

5. ਆਪਣੇ ਪਰਿਵਾਰ ਦੇ ਮੈਂਬਰਾਂ ਤੋਂ ਇਕ ਵਿਸ਼ੇਸ਼ ਕਲਾ ਜਾਂ ਹੁਨਰ (ਉਦਾਹਰਨ ਵਜੋਂ — ਟੋਕਰੀ ਬਣਾਉਣਾ, ਦਿਵਾਰ ਚਿੱਤਰਕਾਰੀ, ਮਿੱਟੀ ਦੇ ਬਰਤਨ ਬਣਾਉਣ) ਬਾਰੇ ਪੁੱਛੋ ਜੋ ਤੁਹਾਡੇ ਖੇਤਰ ਵਿੱਚ ਪ੍ਰਸਿੱਧ ਹੈ।

© NCERT not to be republished